# ਰਾਜ ਕਰਨਾ ਹੈ ਤਾਂ ਰਾਜ ਧਰਮ ਵੀ ਨਿਭਾਉ

ਡਾ. ਮਹੀਪ ਸਿੰਘ

ਸੁਪਰੀਮ ਕੋਰਟ ਦੇ ਉਘੇ ਵਕੀਲ ਸ. ਹਰਵਿੰਦਰ ਸਿੰਘ ਫੂਲਕਾ ਨੇ ਆਮ ਆਦਮੀ ਪਾਰਟੀ ਦੀਆਂ ਸਾਰੀਆਂ ਜਿੰਮੇਵਾਰੀਆਂ ਤੋਂ ਅਸਤੀਫਾ ਦੇ ਦਿੱਤਾ ਹੈ। ਪਿਛਲੀਆਂ ਚੋਣਾਂ ਦੇ ਸਮੇ ਸ੍ਰੀ ਫੂਲਕਾ ਨੇ ਇਸ ਪਾਰਟੀ ਵੱਲੋਂ ਲੁਧਿਆਣਾ ਤੋਂ ਲੋਕਸਭਾ ਦੀ ਚੋਂਣ ਲੜੀ ਸੀ। ਭਾਵੇਂ ਉਹ ਉਸ ਵਿਚ ਕਾਮਯਾਬ ਨਹੀਂ ਹੋਏ ਸਨ, ਪਰ ਵੱਡੀ ਗਿਣਤੀ ਵਿਚ ਵੋਟਾਂ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ ਸਨ।

ਫੂਲਕਾ ਜੀ ਮੁੱਢ ਤੋਂ ਹੀ ਸਿੱਖ ਫ਼ੋਰਮ ਨਾਲ ਜੁੜੇ ਰਹੇ ਹਨ। ਸਿੱਖ ਫ਼ੋਰਮ ਨੇ ਆਪਣੇ ਜਨਮ ਤੋਂ ਹੀ ਆਪਰੇਸ਼ਨ ਨੀਲਾ ਤਾਰਾ ਅਤੇ ਨਵੰਬਰ 1984 ਵਿਚ ਦੇਸ਼ ਦੇ ਬੜੇ ਸਾਰੇ ਹਿਸਿੱਆਂ ਵਿਚ ਪ੍ਰਧਾਨ ਮੰਤਰੀ ਇੰਦਿਰਾ ਗਾਂਧੀ ਦੀ ਹਤਿਆ ਦੇ, ਬੜੀ ਵਿਉਂਤ ਬਣਾਕੇ ਹੋਏ ਸਿੱਖ ਨਰਸੰਘਾਰ ਬਾਰੇ ਨਿਰੰਤਰ ਆਵਾਜ਼ ਉਠਾਉਂਦਾ ਰਿਹਾ ਹੈ ਅਤੇ ਇਹ ਮੰਗਾ ਕਰਦਾ ਰਿਹਾ ਹੈ ਕਿ ਆਪਰੇਸ਼ਨ ਨੀਲਾ ਤਾਰਾ ਲਈ ਸਰਕਾਰ ਭਾਰਤੀ ਸੰਸਦ ਵਿਚ ਮੁਆਫੀ ਮੰਗੇ ਅਤੇ ਸਿੱਖ ਨਰਸੰਘਾਰ ਦੇ ਦੋਸ਼ੀਆਂ ਨੂੰ ਮਾਕੂਲ ਸਜ਼ਾ ਦੇਵੇ। ਹਰ ਵਰ੍ਹੇ ਇਹਨਾ ਦੋਨਾਂ ਹਾਦਸਿਆਂ ਬਾਰੇ ਸਿੱਖ ਫ਼ੋਰਮ ਵੱਲੋਂ ਸਮਾਗਮ ਕੀਤੇ ਜਾਂਦੇ ਹਨ ਅਤੇ ਇਹ ਆਵਾਜ਼ ਉਠਾਈ ਜਾਂਦੀ ਹੈ। ਇਕ ਉਘੇ ਵਕੀਲ ਹੋਣ ਦੇ ਨਾਤੇ ਸਰਦਾਰ ਫੂਲਕਾ ਇਸ ਬਾਰੇ ਮੁਤਵਾਤਰ ਸੰਘਰਸ਼ ਕਰਦੇ ਰਹੇ ਹਨ। ਸਿੱਖ-ਵਿਰੋਧੀ ਜਿੰਨੀਆਂ ਰਿਪੋਰਟਾਂ ਅੱਜ ਤਕ ਛਪੀਆਂ ਹਨ, ਉਸ ਵਿਚ ਉਨ੍ਹਾਂ ਦਾ ਯੋਗਦਾਨ ਸਭ ਤੋਂ ਵੱਧ ਹੈ। ਵਖਰੀਆਂ-ਵਖਰੀਆਂ ਅਦਾਲਤਾਂ ਦੋਸ਼ੀਆਂ ਦੇ ਖਿਲਾਫ ਜਿੰਨੇ ਮੁਕਦਮੇ ਚਲ ਰਹੇ ਹਨ, ਉਨਾਂ ਵਿਚ ਸਰਦਾਰ ਫੂਲਕਾ ਹੀ ਪੀੜਿਤਾਂ ਵੱਲੋਂ ਪੇਸ਼ ਹੋ ਕੇ ਉਨ੍ਹਾਂ ਦਾ ਪੱਖ ਪੂਰਦੇ ਰਹੇ ਹੈ। ਸਿੱਖ ਨਰਸੰਘਾਰ ਬਾਰੇ ਮੀਡੀਆ ਵਿਚ ਜਿਹੜੀ ਚਰਚਾ ਹੁੰਦੀ ਹੈ, ਉਸ ਵਿਚ ਉਹ ਵਧ-ਚੜ੍ਹ ਕੇ ਹਿੱਸਾ ਲੈਂਦੇ ਹਨ।

ਸਿੱਖ ਫ਼ੋਰਮ ਨੂੰ ਇਹ ਲੜਾਈ ਲੜਦੇ ਹੁਣ ਤਿੰਨ ਦਹਾਕਿਆਂ ਤੋਂ ਵੱਧ ਹੋ ਗਏ ਹਨ। ਆਪਣਾ ਅਸਤੀਫਾ ਦੇਣ ਵੇਲੇ ਸਰਦਾਰ ਫੂਲਕਾ ਨੇ ਇਹ ਉਮੀਦ ਵੀ ਕੀਤੀ ਹੈ ਕਿ ਹੁਣ ਇਹ ਲੜਾਈ ਅੰਤਲੇ ਦੌਰ ਵਿਚ ਹੈ ਅਤੇ ਹੁਣ ਉਹ ਆਪਣਾ ਸਾਰਾ ਸਮਾਂ ਇਸ ਲੜਾਈ ਨੂੰ ਅੰਤਲੇ ਅੰਜਾਮ ਤਕ ਲਿਜਾਣ ਵਿਚ ਲਗਾਉਂਣਗੇ।

ਆਪਣੇ ਦੇਸ਼ ਦੀ ਨਿਆਂ ਪ੍ਰਣਾਲੀ ਵੀ ਅਜੀਬ ਹੈ। ਕਦੀ ਕਦੀ ਗੰਭੀਰ ਤੋਂ ਗੰਭੀਰ ਮਾਮਲਿਆ ਦਾ ਫੈਸਲਾ ਇਕ-ਦੋ ਵਰ੍ਹੇ ਵਿਚ ਹੀ ਹੋ ਜਾਂਦਾ ਹੈ, ਜਿਵੇਂ ਇੰਦਿਰਾ ਗਾਂਧੀ ਦੀ ਅਤੇ ਜਨਰਲ ਵੈਦਿਆ ਦੇ ਹਤਿਆਰਿਆਂ ਦੇ ਦੋਸ਼ੀ ਸਮਝੇ ਗਏ ਸਤਵੰਤ ਸਿੰਘ, ਕੇਹਰ ਸਿੰਘ ਅਤੇ ਸੁਖਜਿੰਦਰ ਸਿੰਘ ਨੂੰ ਅਦਾਲਤਾਂ ਨੇ ਸਾਲ-ਦੋ ਸਾਲ ਮੁਕਦਮਾ ਚਲਾ ਕੇ ਫਾਹੇ ਲਾ ਦਿੱਤਾ ਸੀ ਪਰ 5000 ਤੋਂ ਵੱਧ ਨਿਰਦੋਸ਼ੇ ਸਿੱਖਾਂ ਦੀ ਹਤਿਆ ਕਰਨ-ਕਰਾਉਣ ਦੇ ਦੋਸ਼ੀਆਂ ਉਤੇ 31 ਸਾਲ ਬੀਤ ਜਾਣ ਦੇ ਬਾਅਦ ਵੀ ਦੋਸ਼ੀ ਨਹੀਂ ਠਹਿਰਾਏ ਗਏ। ਸਿਰਫ ਇਕ ਬੰਦੇ ਨੂੰ ਮੌਤ ਦੀ ਸਜਾ ਦਿੱਤੀ ਗਈ ਸੀ। ਪਰ-ਸੁਪਰੀਮ ਕੋਰਟ ਨੇ ਉਸਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ।

ਹਾਲ ਵਿਚ ਹੀ ਮੁੰਬਈ ਦੀਆਂ ਲੋਕਲ ਗੱਡੀਆਂ ਵਿਚ ਹੋਏ ਬੰਮ ਧਮਾਕਿਆਂ ਵਿਚ ਨੌ ਵਰ੍ਹੇ ਪਹਿਲਾਂ (ਸਨ 2006) ਜਿਹੜੇ ਜਿਹੜੇ ਹਾਦਸੇ ਹੋਏ ਸਨ, ਉਸ ਵਿਚ ਤਕਰੀਬਨ 200 ਬੰਦੇ ਮਾਰੇ ਗਏ ਸਨ ਤੇ 800 ਤੋਂ ਵੱਧ ਬੰਦੇ ਜਖਮੀ ਹੋਏ ਸਨ, ਦਾ ਅਦਾਲਤੀ ਫੈਸਲਾ ਆਇਆ ਹੈ। ਇਸ ਕੰਮ ਲਈ ਸਰਕਾਰ ਨੇ ਵਿਸ਼ੇਸ਼ ਅਦਾਲਤ ਬਣਾਈ ਸੀ। ਅਦਾਲਤ ਨੇ ਪੰਜ ਮੁਜਰਿਮਾਂ ਨੂੰ ਸਜਾ-ਏ-ਮੌਤ ਅਤੇ ਸੱਤ ਮੁਜਰਿਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਫੈਸਲਾ ਵੀ ਨੌ ਸਾਲ ਪਿੱਛੋਂ ਆਇਆ।

ਗੁਜਰਾਤ ਵਿਚ ਗੋਧਰਾ ਸਟੇਸ਼ਨ ਉਤੇ ਅਯੋਧਿਆ ਤੋਂ ਵਾਪਸ ਮੁੜਦੇ ਹੋਏ ਕਾਰ ਸੇਵਕਾਂ ਨੂੰ ਕੁਝ ਲੋਕਾਂ ਨੇ ਉਨ੍ਹਾਂ ਦੇ ਡੱਬੇ ਵਿਚ ਅੱਗ ਲਗਾ ਦਿੱਤੀ ਸੀ ਜਿਸ ਵਿਚ 59 ਕਾਰਸੇਵਕ ਮਾਰੇ ਗਏ ਸੀ। ਉਸ ਪਿੱਛੋਂ ਗੁਜਰਾਤ ਦੇ ਬੜੇ ਸਾਰੇ ਹਿਸਿਆਂ ਵਿਚ ਮੁਸਲਿਮ-ਵਿਰੋਧੀ ਦੰਗੇ ਭੜਕ ਉਠੇ ਸਨ, ਜਿਸ ਵਿਚ ਇਕ ਹਜ਼ਾਰ ਤੋਂ ਵੱਧ ਬੰਦੇ ਮਾਰੇ ਗਏ ਸਨ। ਉੱਥੇ ਹੋਏ ਕਤਲੇਆਮ ਬਾਰੇ ਜਾਂਚ ਕਰਨ ਲਈ ਬੜੀਆਂ। ਅੱਜ ਦੇ ਸਾਡੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਉਸ ਵੇਲੇ ਗੁਜਰਾਤ ਦੇ ਮੁਖ ਮੰਤਰੀ ਸਨ। ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਇਕ ਵਾਰੀ ਉੱਥੇ ਕੈਂਪਾਂ ਵਿਚ ਰੁਲਦੇ ਹੋਏ ਲੋਕਾਂ ਦੀ ਹਾਲਤ ਵੇਖ ਕੇ ਇਨ੍ਹਾ ਵਿਹਵਲ ਹੋਏ ਸਨ ਕਿ ਉਨ੍ਹਾਂ ਨੂੰ ਮੁੱਖ-ਮੰਤਰੀ ਵਲ ਇਸ਼ਾਰਾ ਕਰਦੇ ਹੋਏ ਇਹ ਕਿਹਾ ਸੀ ਕਿ ਜੇ ਰਾਜ ਕਰਨਾ ਹੈ ਤੇ ਰਾਜਧਰਮ ਵੀ ਨਿਭਾਉਣਾ ਚਾਹੀਦਾ ਹੈ।

31 ਵਰ੍ਹੇ ਗੁਜ਼ਰ ਗਏ ਹਨ। ਇਨ੍ਹਾਂ ਵੇਲਾ ਗੁਜ਼ਰ ਜਾਣ ਪਿਛੋਂ, ਜਿਸ ਵਿਚ ਅਨੇਕ ਪਾਰਟੀਆਂ ਦਾ ਸ਼ਾਸਨ ਆਇਆ ਤੇ ਗਿਆ, ਪਰ ਕਿਸੇ ਨੇ ਸਹੀ ਢੰਗ ਨਾਲ ਰਾਜ ਧਰਮ ਨਹੀਂ ਨਿਭਾਇਆ। ਕਿਸੇ ਨੇ ਸਹੀ ਢੰਗ ਨਾਲ ਦੋਸ਼ੀਆਂ ਤੇ ਮੁਕਦਮੇ ਨਹੀ ਚਲਾਏ। ਕਿਸੇ ਨੂੰ ਗਿਰਫਤਾਰ ਨਹੀਂ ਕੀਤਾ। ਇਕ ਵੇਲੇ ਸੱਜਣ ਕੁਮਾਰ ਜਿਹੇ ਦੋਸੀ ਨੂੰ ਪੁਲਿਸ ਫੜਨ ਲਈ ਗਈ, ਤਾਂ ਸੱਜਣ ਕੁਮਾਰ ਨੇ ਆਪਣੇ-ਹਿਮਾਈਤੀਆਂ ਨੂੰ ਲੈ ਕੇ ਪੁਲਿਸ ਤੇ ਹੀ ਹਮਲਾ ਕਰ ਦਿੱਤਾ। ਪੁਲਿਸ ਨੂੰ ਖਾਲੀ ਹੱਥ ਭਜੱਣਾ ਪਿਆ।

1984 ਵਿਚ ਵਾਪਰੇ ਦੁਖਾਂਤ ਦੀ ਜਾਂਚ ਲਈ ਅਨੇਕ ਕਮਿਸ਼ਨ ਬਣੇ, ਅਨੇਕ ਕਮੇਟੀਆਂ ਬਣਾਈਆਂ ਗਈਆਂ, ਅਨੇਕਾਂ ਰਿਪੋਰਟਾਂ ਪ੍ਰਕਾਸ਼ਿਤ ਹੋਈਆਂ, ਪਰ ਜਿਹੜੀਆਂ ਸਿਫਾਰਿਸ਼ਾਂ ਇਨ੍ਹਾਂ, ਵੱਲੋਂ ਕੀਤੀਆਂ ਗਈਆਂ, ਉਨ੍ਹਾ ਉਤੇ ਕਾਰਵਾਈ ਕਰਨ ਦੀ ਕਿਸੇ ਨੇ ਲੋੜ ਮਹਿਸੂਸ ਨਹੀਂ ਕੀਤੀ। ਉਸ ਵੇਲੇ ਕਾਨਪੁਰ ਵਿਚ ਵਿਜੰਦਰ ਯਾਦਵ ਨਾਂ ਦਾ ਬੰਦਾ ਡਿਪਟੀ ਕਮਿਸ਼ਨਰ ਸੀ। ਉਸ ਦਿਨ ਰੇਲਵੇ ਕਾਲੋਨੀ ਦੇ ਇਕ ਮਕਾਨ ਨੂੰ ਦੰਗਾਈਆਂ ਨੇ ਘੇਰਿਆ ਹੋਇਆ ਸੀ। ਮਕਾਨ ਵਿਚ ਕਈ ਸਿੱਖ ਪਰਿਵਾਰ ਸਨ। ਫੌਜ਼ ਦੀ ਇਕ ਟੁਕੜੀ ਉਨਾਂ ਨੂੰ ਬਚਾਉਣ ਲਈ ਉੱਥੇ ਆ ਗਈ ਸੀ। ਪਰ ਵਿਜੇਂਦਰ ਯਾਦਵ ਨੇ ਫੌਜ਼ ਨੂੰ ਰੋਕ ਦਿੱਤਾ ਤੇ ਬੜੇ ਜੋਰ ਨਾਲ ਕਿਹਾ-ਮੈਂ ਇਨ੍ਹਾਂ ਸਿੱਖਾਂ ਨੂੰ ਮਰਿਆ ਹੋਇਆ ਵੇਖਣਾ ਚਾਹੁੰਦਾ ਹਾਂ-ਆਈ ਵਾਂਟ ਟੂ ਸੀ ਦੇਮ ਡੇਡ।

ਰੰਗਨਾਥ ਮਿਸਰਾ ਕਮੀਸ਼ਨ ਨੇ 1984 ਦੇ ਸਿੱਖ ਕਤਲੇਆਮ ਬਾਰੇ ਜਿਹੜੀ ਰਿਪੋਰਟ ਦਿੱਤੀ ਸੀ ਉਸ ਵਿਚ ਸ਼ਿਫਾਰਿਸ਼ ਕੀਤੀ ਸੀ ਕਿ ਉਤੱਰ ਪ੍ਰਦੇਸ਼ ਸਰਕਾਰ ਨੂੰ ਬਜਿੰਦਰ ਯਾਦਵ ਦੇ ਖਿਲਾਫ ਵਿਭਾਗੀ ਕਾਰਵਾਈ ਕਰਨੀ ਚਾਹੀਦੀ ਹੈ। ਉਤੱਰ ਪ੍ਰਦੇਸ ਦੀ ਸਰਕਾਰ ਨੇ ਉਸਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ, ਸਗੋਂ ਉਸਨੂੰ ਪ੍ਰਮੋਸ਼ਨ ਦੇ ਕੇ ਰਿਟਾਇਰ ਕਰ ਦਿੱਤਾ।

ਇਹ ਹੈ ਰਾਜ ਧਰਮ ਨਿਭਾਉਣਾ।

ਰਾਜ ਧਰਮ ਨਿਭਾਉਣ ਦੀ ਗੱਲ ਅਟਲ ਬਿਹਾਰੀ ਵਾਜਪੇਈ ਨੇ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਤਿਆਵਾਂ ਬਾਰੇ ਕਹੀ ਸੀ। ਗੁਜਰਾਤ ਵਿਚ ਇਸ ਗੱਲ ਦਾ ਚੰਗਾ ਪ੍ਰਭਾਵ ਨਜ਼ਰ ਆਇਆ। ਸੁਪਰੀਮ ਕੋਰਟ ਨੇ ਦੰਗਿਆਂ ਦੀ ਜਾਂਚ ਲਈ ਖਾਸ ਪੜਤਾਲਿਆ ਕਮੇਟੀ (Special Investing Committee) ਬਣਾਈਂ ਤੇ ਉਸਨੂੰ ਇਹ ਕਾਰਜ ਸੋਪਿਆਂ।

ਉਸ ਜਾਂਚ ਵਿਚ ਦੰਗਾ ਭੜਕਾਉਣ ਅਤੇ ਬੜੇ ਸਾਰੇ ਮੁਸਲਮਾਨਾਂ ਨੂੰ ਮਾਰਨ, ਉਨਾ ਦੇ ਘਰਾਂ ਨੂੰ ਲੁੱਟਣ, ਅੱਗਾਂ ਲਾਉਣ ਦੇ ਬੜੇ ਸਾਰੇ ਦੋਸ਼ੀਆਂ ਨੂੰ ਫੜਿਆ ਗਿਆ ਅਤੇ ਬੜੇ ਸਾਰੇ ਲੋਕਾਂ ਨੂੰ ਸਜਾਵਾਂ ਮਿਲਿਆਂ। ਕੁਝ ਨੂੰ ਉਮਰ ਕੈਦ ਵੀ ਦਿੱਤੀ ਗਈ। ਸੁਪਰੀਮ ਕੋਰਟ ਜੋ ਇਹੋ ਜਿਹੀ SIT ਸਿੱਖ ਵਿਰੋਧੀ ਦੰਗਿਆਂ ਬਾਰੇ ਵੀ ਬਣਾਉਂਦੀ ਤਾਂ ਅਨਗਿਨਤ ਲੋਕਾਂ ਨੂੰ ਸਜਾਵਾਂ ਮਿਲ ਸਕਦੀਆਂ ਸਨ।

ਸਰਦਾਰ ਫੂਲਕਾ ਨੇ ਉਮੀਦ ਜਾਹਿਰ ਕੀਤੀ ਹੈ ਕਿ 1984 ਵਿਚ ਮਾਰੇ ਗਏ ਸਿੱਖਾਂ ਬਾਰੇ ਜਿਹੜੇ ਮੁਕਦਮੇ ਅਦਾਲਤਾਂ ਵਿਚ ਚਲ ਰਹੇ ਹਨ, ਉਨ੍ਹਾਂ ਬਾਰੇ ਫੈਸਲੇ ਵੀ ਆਉਣ ਵਾਲੇ ਹਨ। ਮੈਂ ਨਹੀਂ ਜਾਣਦਾ ਕਿ ਫੂਲਕਾ ਜੀ ਦੀ ਉਮੀਦ ਦਾ ਅਥਾਹ ਕੀ ਹੈ। ਪਰ ਜੇ ਅਜਿਹੀ ਕੋਈ ਗੱਲ ਹੁੰਦੀ ਹੈ ਅਤੇ ਸੱਜਣ ਕੁਮਾਰ, ਜਗਦੀਸ ਟਾਈਟਲਰ ਵਰਗੇ ਬੜੇ ਸਾਰੇ ਦੋਸ਼ੀਆਂ ਨੂੰ ਸਜਾਵਾਂ ਮਿਲਦੀਆਂ ਹਨ ਤਾਂ ਦੇਰ ਆਇਤ ਦੁਰਸਤ ਆਇਤ ਵਾਲੀ ਗੱਲ ਹੋਵੇਗੀ।

ਦਿੱਲੀ ਦੀ ਆਮ ਜਨਤਾ ਪਾਰਟੀ ਨੇ ਉਸ ਨਰਸੰਘਾਰ ਵਿਚ ਮਾਰੇ ਗਏ ਲੋਕਾਂ ਦੇ ਵਾਰਿਸਾਂ ਨੂੰ ਪੰਜ-ਪੰਜ ਲੱਖ ਦੇਣ ਦਾ ਐਲਾਨ ਕੀਤਾ ਹੈ। ਇਹ ਵੀ ਚੰਗੀ ਗੱਲ ਹੈ। ਪਰ ਮੁਆਵਜ਼ੇ ਦੀ ਰਕਮ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਪੀੜਿਤ ਪਰਿਵਾਰਾਂ ਨੂੰ ਤਸੱਲੀ, ਮੁਜਰਿਮਾਂ ਨੂੰ ਸਹੀ ਸਜ਼ਾ ਮਿਲਣ ਵਿਚ ਹੁੰਦੀ ਹੈ, ਉਹ ਮੁਆਵਜ਼ੇ ਦੀ ਰਕਮ ਨਾਲ ਨਹੀਂ ਹੁੰਦੀ।

ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਦੀ ਇਹ ਗੱਲ ਕਿ ਜੇ ਰਾਜ ਕਰਨਾ ਹੈ ਤੇ ਰਾਜ ਧਰਮ ਵੀ ਨਿਭਾਉ ਅੱਜ ਵੀ ਸਕਾਰਥ ਹੈ। ਰਾਜ ਤਾਂ ਸਾਰੇ ਕਰਨਾ ਚਾਹੁੰਦੇ ਹਨ ਪਰ ਕਿੰਨੇ ਲੋਕੀ ਹਨ ਜਿਹੜੇ ਰਾਜ ਧਰਮ ਵੀ ਨਿਭਾਉਣਾ ਚਾਹੁੰਦੇ ਹਨ।